੧ ਓ ਸਤਿਗੁਰਪ੍ਰਸਾਦਿ ॥

ਓ. 1061

# ਸਬਰ ਦੇ ਬਾਣ

## ਦੂਜਾ ਹਿਸਾ

DYAL SINGH LAHORE. LIBRARY.

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ
ਸਬਰ ਸੰਦਾ ਬਾਣੁ ਖਾਲਕੁ ਖਤਾ ਨਾ ਕਰੀ

"ਮੁਸਾਫਿਰ"

ਮੁਲ ।)॥ ਵਧੀਆ ਕਾ: ।-)॥

21650

ਸਭ ਹੱਕ ਰਾਖਵੇਂ ਹਨ

# ਸਮਰਪਣ

ਮੈਂ ਏਹ ਚੰਦ ਇਕ ਤੁਕਾਂ ਦੀ ਲੜੀ ਆਪਣੇ ਪਜਾਰੇ ਮਿੱਤਰ ਸਰਗਰਮ ਪੰਥ ਸੇਵਕ ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਦੀ ਭੇਟਾ ਕਰਦਾ ਹਾਂ ਆਪ ਇਕ ਖਾਸ ਦਰਦ ਭਰਿਆ ਦਿਲ ਰੱਖਨ ਵਾਲੇ ਨੌਜੁਵਾਨ ਪੰਥ ਸੇਵਕ ਹਨ ਅਜੇ ਮੁਲਤਾਨ ਜੇਹਲ ਤੋਂ ਰਿਹਾ ਹੋਕੇ ਆਇਆਂ ਥੋਹੜਾ ਚਿਰ ਹੋਇਆ ਸੀ ਕਿ ਚੌਧਵੇਂ ਸ਼ਹੀਦੀ ਜਥੇ ਦੇ ਹੈਡ ਜਥੇਦਾਰ ਹੋਕੇ ਜੈਤੋ ਵੱਲ ਚਲੇ ਗਏ ਅਜੇ ਤੀਕ ਓਸੇ ਸਫਰ ਵਿਚ ਹਨ। ਇਸ ਤੋਂ ਪਹਿਲਾਂ ਵੀ ਆਪ ਜੀ ਮੀਆਂ ਵਾਲੀ ਆਦਿ ਜੇਹਲਾਂ ਦੀ ਯਾਤਰਾ ਕਰ ਚੁਕੇ ਹਨ। ਆਪ ਜੀ ਦੀ ਬ੍ਰਿਧ ਮਾਤਾ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਆਖਿਆ ਸੀ ਮੇਰੀ ਅਰਦਾਸ ਹੈ ਕਿ ਸਭ ਮਾਈਆਂ ਦੇ ਬਚੇ ਮੇਰੇ ਬਚੇ ਜਿਹੇ ਹੋਣ।

ਦਰਦੀ ਪੰਥ ਪਿਆਰੇ ਉਸ ਸਰਦਾਰ ਦੇ,
ਨੌ ਜਵਾਨ ਨਿਰਮਾਨ ਬੀਰ ਹੋਨਹਾਰ ਦੇ,
ਚੌਧਵੇਂ ਜਥੇ ਸੰਦੇ ਜੱਥੇਦਾਰ ਦੇ,
ਕਰ ਭੇਟਾ ਇਹ ਤੁਕਾਂ ਅਰਜ ਗੁਜ਼ਾਰਦਾ!
ਆਸ ਕਬੂਲਣ ਸੰਦੀ ਮਨ ਵਿਚ ਧਾਰਦਾ!

"ਮੁਸਾਫਿਰ"

੧ ਓ ਸਤਿਗੁਰਪ੍ਰਸਾਦਿ॥

## ੧੮ ਜੂਨ ੧੯੨੩ ਦੇ "ਅਕਾਲੀ ਪ੍ਰਦੇਸੀ" ਵਿੱਚ ਛਪੀ

## ਜੇਠ ਸੁਦੀ ਚੌਥ ਤੇ ਲਿਖੀ ਗਈ॥

### "ਅਸਚਰਜਤਾ"

ਮਹੀਨਾ ਜੇਠ ਦਾ ਪਏ ਦੋ ਪੈਹਰ ਕੜਕਨ,
ਛੇਤੀ ਆਉਂਦਾ ਅੱਜ ਤੂਫਾਨ ਕਿਉਂ ਨਹੀਂ?
ਧਰਤੀ ਕੂਕਦੀ ਦੇਵਤੇ ਕੰਬ ਉੱਠੇ,
ਫਿਰ ਵੀ ਫਟਦਾ ਹਾਏ! ਅਸਮਾਨ ਕਿਉਂ ਨਹੀਂ?
ਜਿਸ ਦਾ ਚੰਨ ਯੂਸਫ ਅੱਜ ਲੋਪ ਹੋਇਆ,
ਰੋਂਦਾ ਵਿੱਚ ਅੰਧੇਰ ਕਿਨਆਨ ਕਿਉਂ ਨਹੀਂ?
ਜੇਹੜੀ ਨਗਰੀ ਦਾ ਸ਼ੈਹਨਸ਼ਾਹ ਰੁੱਠਾ,
ਉੱਜੜ ਖੋਲਿਆਂ ਵਾਂਗ ਸੁੰਨਸਾਨ ਕਿਉਂ ਨਹੀਂ?
ਜਿਥੋਂ ਆਉਂਦੀ ਸੀ ਸਦ ਮਾਹੀ ਵਾਲੀ,
ਵਜੇ ਸਾਜ ਅੱਜ ਲੱਗੇ ਦੀਵਾਨ ਕਿਉਂ ਨਹੀਂ?
ਪੀ ਕੇ ਸਬਰ ਪਿਆਲੜਾ ਮਸਤ ਬੈਠਾ,
ਸੂਰਾ ਗੱਜਦਾ ਵਿੱਚ ਮੈਦਾਨ ਕਿਉਂ ਨਹੀਂ?
ਤੇਗ਼ ਬੀਰਤਾ ਵਿੱਚ ਮਿਆਨ ਰੱਖੀ,
ਬੀਰ ਦੱਸਦਾ ਬੀਰ ਨਿਧਾਨ ਕਿਉਂ ਨਹੀਂ?
ਸੇਜਾਂ ਵਾਲੜੀ ਥਾਂ ਤੇ ਲੋਹ ਸਜੀ,
ਮੇਰੇ ਨਿਕਲਦੇ ਵੇਖ ਪ੍ਰਾਨ ਕਿਉਂ ਨਹੀਂ?

ਤਾੜੀ ਵੇਖ ਲਵੋ ਲੱਗੀ ਤਵਿਆਂ ਤੇ,
ਮੂੰਹੋਂ ਬੋਲਦਾ ਰੂਪ ਭਗਵਾਨ ਕਿਉਂ ਨਹੀਂ ?
ਰਖੇ ਰੂਪ ਕਰਤਾਰ ਅਪਾਰ ਸ਼ਕਤੀ,
ਕੋਈ ਵਰਤਦਾ ਸ਼ਕਤ ਮਹਾਨ ਕਿਉਂ ਨਹੀਂ ?
ਸੂਰਜ ਕੇਹਰ ਦਾ ਕੇਹਰ ਵਰਤਾਈ ਜਾਂਦਾ,
ਤੇਜਵਾਨ ਹੁੰਦਾ ਚੋਜਵਾਨ ਕਿਉਂ ਨਹੀਂ ?
ਵੇਖੋ ਧੁੱਪ ਦਾ ਸੇਕ ਨਾ ਜਾਏ ਝਲਿਆ,
ਮੂੰਹੋਂ ਸੀ ਕੈਂਹਦਾ ਨਰਮ ਜਾਨ ਕਿਉਂ ਨਹੀਂ ?
ਗਰਮ ਰੇਤ ਪੈਂਦੀ ਨਰਮ ਸੀਸ ਉਤੇ,
ਮਾਸ ਉਖੜਦਾ ਪਰ ਪਸ਼ੇਮਾਨ ਕਿਉਂ ਨਹੀਂ ?
ਪਤਾ ਲੱਗਦਾ ਨਾ ਭੇਦਾਂ ਗੁਝਿਆਂ ਦਾ,
ਜੋਗੀ ਦੱਸਦਾ ਆਪਣੀ ਸ਼ਾਨ ਕਿਉਂ ਨਹੀਂ ?
ਆਓ ਪੁੱਛੀਏ ਚਾ ਬਾਗਬਾਨ ਪਾਸੋਂ,
ਫੁਲ ਖੁਸਦਿਆਂ ਵੀ ਕ੍ਰੋਧਵਾਨ ਕਿਉਂ ਨਹੀਂ ?

ਮੀਆਂ ਮੀਰ ਜੀ:–

ਤੇਰੇ ਕੌਤਕਾਂ ਦਾ ਨਹੀਂ ਅੰਤ ਪੈਂਦਾ,
ਸਮਝ ਆਉਂਦੀ ਨਹੀਂ ਤਦਬੀਰ ਸਤਿਗੁਰ।
ਏਸ ਹਾਲ ਨੂੰ ਵੇਖ ਬੇਹਾਲ ਹੋਇਆ,
ਮੇਰੇ ਪੀਰਾਂ ਦੇ ਪੀਰ ਫਕੀਰ ਸਤਿਗੁਰ।
ਅੰਦਰ ਖ਼੍ਵਾਬ ਏਹ ਆਉਂਦਾ ਖੇਲ ਨਜ਼ਰੀ,
ਏਸ ਖ਼੍ਵਾਬ ਦੀ ਕੀਹ ਹੈ ਤਾਬੀਰ ਸਤਿਗੁਰ।
ਦਸੀਂ ਸੁਪਨਾ ਨਹੀਂ ਤੇ ਚੋਜ ਕੀ ਏ,
ਮੈਂ ਦਾਸ ਤੇਰਾ ਮੀਆਂਮੀਰ ਸਤਿਗੁਰ।



ਗੁਰੂ ਜੀ:–

ਨਾ ਏਹ ਸੁਪਨਾ ਖੇਲ ਨਾ ਖ਼੍ਵਾਬ ਕੋਈ,
ਭਾਣਾ ਜਾਣ ਲੈ ਏਹ ਕਰਤਾਰ ਸਾਈਂ।
ਕੋਈ ਮੂਲ ਨਾਂ ਲੋੜ ਹੈਰਾਨਗੀ ਦੀ,
ਸਮਾਂ ਆਉਂਦਾ ਏਸ ਪ੍ਰਕਾਰ ਸਾਈਂ।
ਬੜੀ ਕਠਨ ਹੈ ਖੇਲ ਪ੍ਰੇਮ ਵਾਲੀ,
ਇਥੇ ਖੇਲਣਾ ਖੰਡੇ ਦੀ ਧਾਰ ਸਾਈਂ।
ਡੋਰੀ ਖਿੱਚੀ ਪ੍ਰੇਮ ਦੀ ਝਟਕ ਲਾ ਕੇ,
ਏਹ ਤਾਂ ਬੜੀ ਮਜਬੂਤ ਹੈ ਤਾਰ ਸਾਈਂ।

ਮੀਆਂ ਮੀਰ ਜੀ :–

ਨੰਗੇ ਕੇਸ ਨਾਂ ਜਿਸਮ ਤੇ ਕੋਈ ਕੱਪੜਾ,
ਮੇਰੇ ਪੀਰ ਜੀ ਦੱਸ ਏਹ ਵੇਸ ਕੇਹੜਾ ?
ਦਿੱਸੇ ਨਾਹੀਂ ਆਸਣ ਜਿੱਥੇ ਰੋਜ਼ ਬਸਣ,
ਕੇਸੀਂ ਰੇਤ ਏਹ ਜੋਗ ਦਾ ਭੇਸ ਕੇਹੜਾ ?
ਤੱਤੇ ਤਵਿਆਂ ਤੇ ਚੁੱਪ ਚਾਪ ਬ੍ਰਿਤੀ,
ਸੈਹਣਾ ਸੇਕ ਸਨਯਾਸ ਦਾ ਵੇਸ ਕੇਹੜਾ ?
ਨਾਂ ਉਹ 'ਹਰੀ ਮੰਦਰ' ਨਾਂ ਓਹ 'ਸਰ ਅੰਮ੍ਰਤ',
ਸੱਚੇ ਪਾਤਸ਼ਾਹ ਦੱਸ ਏਹ ਦੇਸ ਕੇਹੜਾ ?
ਛੱਡ ਤਕੀਏ ਸੁੰਦਰ ਗਦੇਲਿਆਂ ਨੂੰ,
ਆਸਣ ਲੋਹ ਅਸਥਾਨ ਤੇ ਮੱਲਿਆ ਕ੍ਯੋਂ ?
ਤੱਤੇ ਤੇਲ ਦੇ ਤਪੇ ਕੜਾਹ ਵਾਂਗੋਂ,
ਵਿਚ ਦੇਗ ਸਰੀਰ ਨੂੰ ਤਲਿਆ ਕਿਉਂ ?

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.